# ਬਰਤਾਨਵੀ ਪਾਰਲੀਮੈਂਟ ਵਿਚ ਸਿੱਖ ਕੌਂਸਲ ਯੂ ਕੇ ਨੇ ਕਾਮਯਾਬੀ ਦੇ ਝੰਡੇ ਗੱਡੇ

**ਬੁੱਧਵਾਰ 13 ਮਾਰਚ 2013 ਨੂੰ ਬਰਤਾਨਵੀ ਪਾਰਲੀਮੈਂਟ ਦੇ ਵੈਸਟ ਮਨਿਸਟਰ ਹਾਲ ਵਿਚ ਹੋਏ ਡਿਬੇਟ ਦੌਰਾਨ ਸਿੱਖ ਕੌਂਸਲ ਯੂ ਕੇ ਨੂੰ ਸਾਰੀਆਂ ਸਿਆਸੀ ਪਾਰਟੀਆਂ ਦੇ ਪਾਰਲੀਮੈਂਟ ਮੈਂਬਰਾਂ ਵਲੋਂ ਯੂ ਕੇ ਵਿਚ ਡੈਮੋਕਰੇਟੀਕਲੀ ਚੁਣੀ ਹੋਈ ਸਿੱਖਾਂ ਦੀ ਨੁਮਾਇੰਦਾ ਪ੍ਰਤੀਨਿਧ ਧਿਰ ਵਜੋਂ ਮਾਨਤਾ ਪ੍ਰਾਪਤ ਹੋਈ ਹੈ। ਪਾਰਲੀਮੈਂਟ ਦੇ ਮੈਂਬਰਾਂ ਨੇ ਪ੍ਰਾਈਮ ਮਨਿਸਟਰ, ਸਮੂਹ ਮੰਤ੍ਰੀਆਂ ਅਤੇ ਸਰਕਾਰ ਨੂੰ ਸਿਫਾਰਸ਼ ਕੀਤੀ ਹੈ ਕਿ ਉਹ ਸਿੱਖ ਕੌਂਸਲ ਯੂ ਕੇ ਨਾਲ ਮਿਲ ਕੇ ਕੰਮ ਕਰਨ ਤਾਂ ਕਿ ਸਿੱਖਾਂ ਦੇ ਸਬੰਧਤ ਮੁੱਦਿਆਂ ਤੇ ਬਣਦੀ ਕਾਰਗੁਜ਼ਾਰੀ ਕਰਕੇ ਸਿੱਖ ਭਾਈਚਾਰੇ ਨੂੰ ਇਹ ਅਹਿਸਾਸ ਦਵਾਇਆ ਜਾ ਸਕੇ ਕਿ ਸਿੱਖਾਂ ਦੀ ਆਵਾਜ਼ ਸਰਕਾਰ ਬਕਾਇਦਾ ਸੁਣ ਰਹੀ ਹੈ।**

ਆਲ ਪਾਰਟੀ ਪਾਰਲੀਮੈਂਟ ਗਰੁਪ ਦੀ ਪ੍ਰੇਰਣਾਂ ਨਾਲ 'ਬ੍ਰਿਟਿਸ਼ ਸਿੱਖ ਕਮਿਊਨਿਟੀ ਡਿਬੇਟ' ਡਰਾਟਫੋਰਡ ਤੋਂ ਕੰਜ਼ਰਵੇਟਿਵ ਐਮ ਪੀ ਗੈਰਿਥ ਜੌਹਨਸਨ ਰਾਂਹੀ ਪੇਸ਼ ਕੀਤਾ ਗਿਆ। ਇਸ ਕਾਰਵਾਈ ਵਿਚ ਪੰਜਾਹ ਪਾਰਲੀਮੈਂਟ ਮੈਂਬਰਾਂ ਨੇ ਭਾਗ ਲਿਆ ਅਤੇ ਨੱਬੇ ਮਿੰਟ ਦੇ ਡਿਬੇਟ ਵਿਚ ਕਰੀਬ ਅੱਧੇ ਮੈਂਬਰਾਂ ਨੂੰ ਬੋਲਣ ਦਾ ਸਮਾਂ ਪ੍ਰਾਪਤ ਹੋਇਆ। ਸਿੱਖ ਕੌਂਸਲ ਯੂ ਕੇ ਅਤੇ ਸਿੱਖ ਫੈਡਰੇਸ਼ਨ ਦੇ ਸਹਿਯੋਗ ਨਾਲ ਆਲ ਪਾਰਟੀ ਪਾਰਲੀਮੈਂਟਰੀ ਗਰੁਪ ਦੇ ਆਗੂ ਫੇਬੀਅਨ ਹੈਮਿਲਟਨ (ਉਤਰ ਦੱਖਣੀ ਲੀਡਜ਼ ਤੋਂ ਲੇਬਰ ਐਮ ਪੀ) ਨੇ ਪਾਰਲੀਮੈਂਟ ਮੈਂਬਰਾਂ ਨੂੰ ਇਸ ਡਿਬੇਟ ਪ੍ਰਤੀ ਪਹੁੰਚ ਕਰਨ ਲਈ ਹੌਸਲਾ ਅਫਜ਼ਾਈ ਕੀਤੀ ਸੀ।

ਬ੍ਰਿਟਿਸ਼ ਸਿੱਖ ਭਾਈਚਾਰੇ ਸਬੰਧੀ ਇਹ ਡਿਬੇਟ ਬਹੁਤ ਹਾਂ-ਪੱਖੀ ਰਿਹਾ। ਭਾਵੇਂ ਸਿੱਖ ਭਾਈਚਾਰੇ ਕੋਲ ਇਸ ਸੰਦਰਭ ਵਿਚ ਕਾਰਗੁਜ਼ਾਰੀ ਕਰਨ ਲਈ ਪੰਜ ਕੁ ਹੀ ਦਿਨ ਸਨ ਪਰ ਏਨੇ ਘੱਟ ਸਮੇਂ ਵਿਚ ਕੀਤੀ ਗਈ ਕੋਸ਼ਿਸ਼ ਮਗਰੋਂ ਏਨੀ ਵੱਡੀ ਗਿਣਤੀ ਵਿਚ ਸਭ ਪਾਰਟੀਆਂ ਦੇ ਮੈਂਬਰ ਪਾਰਲੀਮੈਂਟਾਂ ਵਲੋਂ ਹਿੱਸਾ ਲੈਣਾਂ ਮਾਣ ਵਾਲੀ ਗੱਲ ਹੈ ਅਤੇ ਇਹ ਵੀ ਕਿ ਇਸ

ਡਿਬੇਟ ਦਾ ਲੇਖਾ ਜੋਖਾ ਕਰਨ ਸਮੇਂ 'ਕਮਿਊਨਿਟੀਜ਼ ਐਂਡ ਲੋਕਲ ਗੰਵਰਨਮੈਂਟ, ਦੇ ਮਨਿਸਟਰ ਡਾਨ ਫੋਸਟਰ ਨੇ ਆਪਣਾ ਰੋਲ ਬਾਖੂਬੀ ਅਦਾ ਕੀਤਾ ।

ਇਸ ਡਿਬੇਟ ਦੌਰਾਨ ਸਾਰੇ ਪਾਰਲੀਮੈਂਟ ਮੈਂਬਰਾਂ ਨੇ ਬਰਤਾਨੀਆਂ ਦੀ ਸ਼ਹਿਰੀ ਅਤੇ ਆਰਥਿਕ ਬੜੌਤਰੀ ਵਿਚ ਸਿੱਖਾਂ ਵਲੋਂ ਪਾਏ ਗਏ ਵਿਸ਼ੇਸ਼ ਯੋਗਦਾਨ ਦੀ ਸਰਾਹਨਾਂ ਕੀਤੀ । ਮੈਂਬਰਾਂ ਨੇ ਜਿਥੇ ਇੱਕ ਸੌ ਇੱਕ ਸਾਲਾ ਮੈਰਾਥਨ ਦੌੜਾਕ ਬਾਬਾ ਫੌਜਾ ਸਿੰਘ ਜਹੇ ਵਿਅਕਤੀਗਤ ਸਿੱਖਾਂ ਦੀਆਂ ਪ੍ਰਾਪਤੀਆਂ ਦੀ ਪ੍ਰਸ਼ੰਸਾ ਕੀਤੀ ਉਥੇ ਸਿੱਖਾਂ ਵਲੋਂ ਸਭ ਪੇਸ਼ਿਆਂ ਵਿਚ ਦਿੱਤੇ ਜਾ ਰਹੇ ਹਾਂ ਪੱਖੀ ਯੋਗਦਾਨ ਦਾ ਵੀ ਬਾਖੂਬੀ ਜ਼ਿਕਰ ਕੀਤਾ ।

**ਇਸ ਡਿਬੇਟ ਸਬੰਧੀ ਸਿੱਖ ਕੌਂਸਲ ਦੇ ਕੌਮੀ ਅਗਜ਼ੈਕਿਟਿਵ ਮੈਂਬਰ ਸ: ਜਗਤਾਰ ਸਿੰਘ ਦਾ ਕਹਿਣਾਂ ਹੈ ਕਿ ' ਇਸ ਡਿਬੇਟ ਵਿਚ ਪਾਰਲੀਮੈਂਟ ਮੈਂਬਰਾਂ ਵਲੋਂ ਏਨੀ ਵੱਡੀ ਗਿਣਤੀ ਵਿਚ ਹਿੱਸਾ ਲੈਣਾ ਅਸਲ ਵਿਚ ਬਰਤਾਨਵੀ ਸਿੱਖਾਂ ਦੀ ਵਿਸ਼ੇਸ਼ ਪ੍ਰਾਪਤੀ ਹੈ । ਪਾਰਲੀਮੈਂਟ ਮੈਂਬਰਾਂ ਵਲੋਂ ਸਿੱਖ ਕੌਂਸਲ ਯੂ ਕੇ ਨੂੰ ਮਾਨਤਾ ਮਿਲਣੀ ਵੀ ਸਾਡੇ ਲਈ ਮਾਣ ਵਾਲੀ ਗੱਲ ਹੈ ਅਤੇ ਹੁਣ ਇਸ ਸਪੱਸ਼ਟ ਹੋ ਗਿਆ ਹੈ ਕਿ ਸਿੱਖ ਕੌਂਸਲ ਯੂ ਕੇ ਹੁਣ ਇਸ ਸਥਿਤੀ ਵਿਚ ਆ ਗਈ ਹੈ ਕਿ ਉਹ ਯੂ ਕੇ ਅਤੇ ਯੂਰਪ ਵਿਚ ਸਿੱਖਾਂ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ ਸਰਕਾਰ `ਤੇ ਅਸਰ ਅੰਦਾਜ਼ ਹੋ ਕੇ ਕੰਮ ਕਰ ਸਕਦੀ ਹੈ'।**

**ਸ: ਜਗਤਾਰ ਸਿੰਘ ਨੇ ਇਹ ਵੀ ਕਿਹਾ ਕਿ ' ਇਹ ਸਭ ਤਾਂ ਹੀ ਸੰਭਵ ਹੋ ਸਕਿਆ ਹੈ ਜੋ ਕਿ ਦੇਸ਼ ਭਰ ਵਿਚੋਂ ਗੁਰਦੁਆਰਿਆਂ ਅਤੇ ਸਿੱਖ ਜਥੇਬੰਦੀਆਂ ਵਲੋਂ ਸਿੱਖ ਕੌਂਸਲ ਯੂ ਕੇ ਨੂੰ ਸਹਿਯੋਗ ਦਿੱਤਾ ਗਿਆ ਹੈ । ਸਿੱਖਾਂ ਦੀ ਆਵਾਜ਼ ਕੌਮੀ ਅਤੇ ਯੂਰਪੀਅਨ ਪੱਧਰ ਤੇ ਹੋਰ ਵੀ ਬੁਲੰਦ ਕਰਨ ਲਈ ਮੈਂ ਬਾਕੀ ਰਹਿੰਦੇ ਗੁਰਦੁਿਆਰਿਆਂ ਨੂੰ ਵੀ ਇਹ ਬੇਨਤੀ ਕਰਾਂਗਾ ਕਿ ਉਹ ਸਿੱਖ ਕੌਂਸਲ ਨਾਲ ਰਾਬਤਾ ਕਰਨ'।**

ਡਿਬੇਟ ਦੌਰਾਨ ਐਮ ਪੀਜ਼ ਨੇ ਜਿਥੇ ਸਿੱਖ ਕੌਂਸਲ ਨੂੰ ਸਰਕਾਰ ਵਿਚ ਸਿੱਖਾਂ ਦੀ ਪ੍ਰਤੀਨਿਧ ਧਿਰ ਵਜੋਂ ਮਾਨਤਾ ਦੇਣ ਦੀ ਗੱਲ ਕੀਤੀ ਉਥੇ ਯੂ ਕੇ ਵਿਚ ਸਿੱਖ ਪਛਾਣ ਦੇ ਮੁੱਦਿਆਂ ਸਬੰਧੀ ਵੀ ਵਿਚਾਰ ਦਿੱਤੇ । ਕਈ ਐਮ ਪੀਜ਼ ਨੇ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਮੁੱਦਿਆਂ ਬਾਰੇ ਵੀ ਆਵਾਜ਼ ਉਠਾਈ ।

ਦੋਹਾਂ ਪਾਰਟੀਆਂ ਦੇ ਮਾਣਯੋਗ ਪਾਰਲੀਮਾਨੀ ਮੈਂਬਰਾਂ ਨੇ ਦਸਤਾਰ ਧਾਰੀ ਸਿੱਖਾਂ ਨੂੰ ਬਰਤਾਨਵੀ ਏਅਰਪੋਰਟਾਂ ਤੇ ਸਕਿਓਰਿਟੀ ਦੀਆਂ ਆ ਰਹੀਆਂ ਮੁਸ਼ਕਲਾਂ ਦੇ ਸਤਿਕਾਰਤ ਹੱਲ ਲਈ ਕੀਤੇ ਗਏ ਕਾਮਯਾਬ ਸਰਕਾਰੀ ਉੱਦਮਾਂ ਦੀ ਤਾਰੀਫ ਕੀਤੀ ਪਰ ਨਾਲ ਹੀ ਸਰਕਾਰ ਨੂੰ ਇਹ ਯਕੀਨ ਦਿਵਾਉਣ ਲਈ ਵੀ ਕਿਹਾ ਕਿ ਉਹ ਯੂਰਪ ਦੇ ਬਾਕੀ ਦੇਸ਼ਾਂ ਨੂ ਵੀ ਇਹ ਹੀ ਕਾਰਵਾਈ ਅਪਨਾਉਣ ਲਈ ਦਬਾਅ ਪਾਵੇ।

ਐਮ ਪੀਜ਼ ਨੇ ਮਹਿਸੂਸ ਕੀਤਾ ਕਿ ਭਾਵੇਂ ਜੀਵਨ ਦੇ ਬਹੁਤ ਸਾਰੇ ਖੇਤਰਾਂ ਵਿਚ ਸਿੱਖ ਰਹਿਤ ਨੂੰ ਬਹਾਲ ਕੀਤਾ ਗਿਆ ਹੈ, ਪਰ ਸਿੱਖਾਂ ਦੀ ਦਸਤਾਰ, ਕੜਾ ਅਤੇ ਕਿਰਪਾਨ ਦੀ ਮਾਨਤਾ ਦੇ ਸਬੰਧ ਵਿਚ ਅਜੇ ਕੰਮ ਹੋਣਾਂ ਬਾਕੀ ਹੈ।

**ਸਿੱਖ ਕੌਂਸਲ ਯੂ ਕੇ ਦੇ ਕੌਮੀ ਅਗਜ਼ੈਕਿਟਿਵ ਮੈਂਬਰ ਸ: ਦਬਿੰਦਰਜੀਤ ਸਿੰਘ ਦਾ ਕਹਿਣਾਂ ਹੈ ਕਿ 'ਇਸ ਦੇਸ਼ ਵਿਚ ਸਿੱਖਾਂ ਦੇ ਅਜ਼ਾਦੀ ਨਾਲ ਵਿਚਰਨ ਦੇ ਅਧਿਕਾਰਾਂ ਸਬੰਧੀ ਸਿੱਖ ਰਹਿਤ ਦੇ ਵਿਅਕਤੀਗਤ ਕੇਸ ਅਕਸਰ ਅਸਰ ਅੰਦਾਜ਼ ਹੁੰਦੇ ਰਹਿੰਦੇ ਹਨ ਅਤੇ ਬਦਕਿਸਮਤੀ ਨਾਲ ਇਹਨਾਂ ਵਿਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ। ਸਿੱਖ ਕੌਂਸਲ ਯੂ ਕੇ ਅਤੇ ਹੋਰ ਸਿੱਖ ਜਥੇਬੰਦੀਆਂ ਸਿੱਖ ਰਹਿਤ ਸਬੰਧੀ ਜਾਗਰੂਕਤਾ ਪੈਦਾ ਕਰਨ ਅਤੇ ਸਬੰਧਤ ਮੁੱਦਿਆਂ ਦੇ ਹੱਲ ਲਈ ਬਹੁਤ ਮਿਹਨਤ ਕਰ ਰਹੀਆਂ ਹਨ ਪਰ ਤਾਂ ਵੀ ਵਿਆਪਕ ਇਹਨਾਂ ਅਹਿਮ ਮੁੱਦਿਆਂ `ਤੇ ਕੰਮ ਕਰਨ ਲਈ ਪਾਰਲੀਮੈਂਟ ਮੈਂਬਰਾਂ ਦਾ ਸਹਿਯੋਗ ਤਸੱਲੀ ਦੇਣ ਵਾਲਾ ਹੈ' ।**

ਸਿੱਖ ਪਛਾਣ ਦੇ ਮੁੱਦਿਆਂ ਦੇ ਨਾਲ ਨਾਲ ਐਮ ਪੀਜ਼ ਨੇ ਪਹਿਲੇ ਵਿਸ਼ਵ ਯੁੱਧ ਵਿਚ ਸਿੱਖਾ ਦੇ ਪਾਏ ਯੋਗਦਾਨ ਨੂੰ ਇਸ ਸਾਲ ਦੇ ਅਖੀਰ ਤੇ ਆ ਰਹੀ ਸ਼ਤਾਬਦੀ ਦੇ ਸਮਾਰੋਹ ਵਿਚ ਬਣਦਾ ਸਥਾਨ ਦਿਵਾਉਣ ਸਬੰਧੀ ਵਿਚਾਰ ਵੀ ਦਿੱਤੇ ਅਤੇ ਇਸ ਤੋਂ ਇਲਾਵਾ ਸਿੱਖ ਧਰਮ ਦੀ ਬੜੌਤਰੀ, ਸਿੱਖ ਸਕੂਲਾਂ ਦੀ ਸਥਾਪਤੀ ਅਤੇ ਸਿੱਖ ਭਾਈਚਾਰਕ ਗਰੁੱਪਾਂ ਲਈ ਫੰਡਾਂ ਦੀ ਆਸਾਨ ਪ੍ਰਕਿਰਿਆ ਸਬੰਧੀ ਵੀ ਵਿਚਾਰਾਂ ਹੋਈਆਂ।

ਵਧੇਰੇ ਅਹਿਮੀਅਤ ਵਾਲਾ ਵਿਸ਼ਾ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਸੀ ਜਿਸ ਨੂੰ ਕਿ ਕੁਝ ਐਮ ਪੀਜ਼ ਨੇ ਉਠਾਇਆ। ਹਾਊਸ ਆਫ ਕਾਮਨਜ਼ ਵਿਚ ਇੱਕ ਹਫਤਾ ਪਹਿਲਾਂ ਹੋਏ ਡਿਬੇਟ ਵਿਚ ਭਾਰਤ ਵਿਚ ਮੌਤ ਦੀ ਸਜ਼ਾ ਨੂੰ ਖਤਮ ਕਰਨ ਅਤੇ 1984 ਦੌਰਾਨ ਹੋਈਆਂ

ਘਟਨਾਵਾਂ ਸਬੰਧੀ ਪ੍ਰਸ਼ਾਸਨੀ ਪਾਰਦਰਸ਼ਤਾ,ਇਮਾਨਦਾਰੀ ਅਤੇ ਇਨਸਾਫ ਦੇ ਅਮਲਾਂ ਸਬੰਧੀ ਭਾਰਤੀ ਸਰਕਾਰ ਨੂੰ ਉਤਸ਼ਾਹਤ ਕਰਨ ਦੇ ਮੁੱਦੇ ਵੀ ਅਨੇਕਾਂ ਵਾਰ ਉੱਠਾਏ ਗਏ।

ਇਸ ਡਿਬੇਟ ਮਗਰੋਂ ਸਰਕਾਰੀ ਪ੍ਰਤੀਨਿਧ, ਪਾਰਲੀਮੈਂਟਰੀ ਅੰਡਰ ਸੈਕਟਰੀ ਆਫ ਸਟੇਟ ਫਾਰ ਕੰਮਿਉਨਿਟੀਜ਼ ਐਂਡ ਲੋਕਲ ਗਵਰਨਮੈਂਟ ਮਾਣਯੋਗ ਡੋਨਾਲਡ ਫੋਸਟਰ ਨਾਲ ਸਿੱਖ ਕੌਂਸਲ ਯੂ ਕੇ ਦੇ ਪ੍ਰਤੀਨਿਧਾਂ ਦੀ ਹੋਈ ਸੰਖੇਪ ਮੀਟਿੰਗ ਵਿਚ ਇਹ ਤਹਿ ਹੋਇਆ ਕਿ ਸਿੱਖ ਮੁੱਦਿਆਂ ਸਬੰਧੀ ਉਹ ਕੌਂਸਲ ਨਾਲ ਅਗਾਊਂ ਤਾਲਮੇਲ ਰੱਖਿਆ ਕਰਨਗੇ।

**ਗੁਰਿੰਦਰ ਸਿੰਘ ਜੋਸਨ ਨੇ ਇਸ ਡਿਬੇਟ ਬਾਰੇ ਵਿਚਾਰ ਦਿੰਦਿਆਂ ਕਿਹਾ ਕਿ 'ਡਿਬੇਟ ਦੋਰਾਨ ਅਤੇ ਮਾਨਯੋਗ ਮਨਿਸਟਰਜ਼ ਅਤੇ ਬਾਕੀ ਐਮ ਪੀਜ਼ ਨਾਲ ਗੱਲਬਾਤ ਦੌਰਾਨ ਇਹ ਹੀ ਪ੍ਰਭਾਵ ਮਿਲਦਾ ਹੈ ਕਿ ਸਰਕਾਰ ਸਿੱਖ ਕੌਂਸਲ ਯੂ ਕੇ ਨੂੰ ਇੱਕ ਐਸੀ ਸਿੱਖ ਪ੍ਰਤੀਨਿਧ ਸੰਸਥਾ ਵਜੋਂ ਜੀਅ ਆਇਆਂ ਕਹਿ ਰਹੀ ਹੈ ਜਿਸ ਨਾਲ ਕੀ ਉਹ ਗਲਬਾਤ ਜਾਰੀ ਰੱਖਣਾਂ ਅਤੇ ਕੰਮ ਕਰਨਾਂ ਚਾਹੁੰਦੀ ਹੈ'।**

For further information from the Sikh Council UK, please contact Balvinder Kaur – info@sikhcounciluk.org

Live recording of the debate can be watched on link:
http://www.parliamentlive.tv/Main/Player.aspx?meetingId=12786